that any lapse in future would necessarily result in imposition of costs on the person who is responsible for delay in filing the reply and cost so imposed shall not be reimbursed to the official concerned.

2. You are, therefore, requested to ensure that the directions of the Hon'ble Punjab and Haryana High Court are complied with in letter and spirit and failure to comply with these instructions will have to be accounted for personally by the officer responsible for the lapse.

3. These instructions may be brought to the notice of all concerned for stict and meticulous compliance.

**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 6/8/89-6ਪੀ.ਪੀ.3/8653 ਮਿਤੀ 30-6-1998 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

ਵਿਸ਼ਾ :- *ਐਲ.ਟੀ.ਸੀ. ਵਾਸਤੇ ਐਡਵਾਂਸ ਬੁਕਿੰਗ ਲਈ ਐਡਵਾਂਸ ਡਰਾਅ ਕਰਨ ਦੀ ਮਿਤੀ ਨਿਸ਼ਚਿਤ ਕਰਨ ਬਾਰੇ ।*

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿਚ ਮੈਨੂੰ ਆਪਦਾ ਧਿਆਨ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕਰਮਚਾਰੀ ਅਤੇ ਉਸ ਦੇ ਪਰਿਵਾਰ ਦੇ ਮੈਂਬਰ ਐਲ.ਟੀ.ਸੀ. ਦੀ ਯਾਤਰਾ ਸ਼ੁਰੂ ਹੋਣ ਤੋਂ 65 ਦਿਨ ਪਹਿਲਾਂ ਤਕ ਰੇਲਵੇ ਦੀ ਐਡਵਾਂਸ ਬੁਕਿੰਗ ਕਰਵਾਉਣ ਹਿੱਤ ਐਡਵਾਂਸ ਡਰਾਅ ਕਰ ਸਕਣਗੇ ।

2. ਸਰਕਾਰ ਦੇ ਇਸ ਫੈਸਲੇ ਬਾਰੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਨੂੰ ਸੂਚਿਤ ਕਰ ਦਿੱਤਾ ਜਾਵੇ ।

**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 14/114/97-4ਪੀ.ਪੀ.3/8768 ਮਿਤੀ 2-7-1998 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

ਵਿਸ਼ਾ :- *ਸੇਵਾਦਾਰ ਦੀ ਵਿਦਿਅਕ ਯੋਗਤਾ ਸਬੰਧੀ ਸਪਸ਼ਟ ਹਦਾਇਤਾਂ ਜਾਰੀ ਕਰਨ ਬਾਰੇ ।*

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ (ਪੀਪੀ 3 ਸ਼ਾਖਾ) ਵਲੋਂ ਜਾਰੀ ਗਸ਼ਤੀ ਪੱਤਰ ਨੰ: 14/114/97-4ਪੀਪੀ3/7038, ਮਿਤੀ 21.5.98 ਦੇ ਸਬੰਧ ਵਿਚ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਦੇ ਵਿਸ਼ੇ ਵਿਚ "ਸੇਵਾਦਾਰ" ਦੀ ਭਰਤੀ ਲਈ ਵਿਦਿਅਕ ਯੋਗਤਾ ਸਬੰਧੀ ਜ਼ਿਕਰ ਕੀਤਾ ਗਿਆ ਹੈ ਕਿਉਂਕਿ ਸੇਵਾਦਾਰ ਦੀ ਆਸਾਮੀ ਦਰਜਾ 4 ਦੀ ਹੈ ਅਤੇ ਇਸ ਦੇ ਇਲਾਵਾ ਦਰਜਾ-4 ਦੀਆਂ ਹੋਰ ਵੀ ਕਈ ਅਜਿਹੀਆਂ ਆਸਾਮੀਆਂ ਹਨ ਜਿਨ੍ਹਾਂ ਦੀ ਯੋਗਤਾ ਵੀ ਸੇਵਾਦਾਰ ਦੀ ਆਸਾਮੀ ਦੇ ਬਰਾਬਰ ਦੀ ਹੀ ਹੈ । ਇਸ ਲਈ ਉਪਰੋਕਤ ਦਰਸਾਏ ਪੱਤਰ ਦੇ ਵਿਸ਼ੇ ਵਿਚ ਹੁਣ "ਸੇਵਾਦਾਰ" ਦੀ ਥਾਂ ਤੇ "ਦਰਜਾ-4" ਹੀ ਪੜ੍ਹਿਆ ਜਾਵੇ । ਇਸ ਤੋਂ ਇਲਾਵਾ ਇਹ ਦਸਿਆ ਜਾਂਦਾ ਹੈ ਜੋ ਹੁਣ ਦਰਜਾ-4 ਲਈ ਵਿਦਿਅਕ ਯੋਗਤਾਵਾਂ ਰੱਖੀਆਂ ਗਈਆਂ ਹਨ ਇਹ ਵਿਦਿਅਕ ਯੋਗਤਾਵਾਂ "ਸਵੀਪਰ" ਦੀ ਆਸਾਮੀ ਨੂੰ ਛੱਡ ਕੇ ਬਾਕੀ ਸਾਰੀਆਂ ਦਰਜਾ-4 ਆਸਾਮੀਆਂ ਤੇ ਲਾਗੂ ਹੋਣਗੀਆਂ।

**ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 7/29/98-5ਪੀ.ਪੀ.1/8824 ਮਿਤੀ 3-7-1998 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।**

ਵਿਸ਼ਾ :- *ਤਿੰਨ ਪਦਤੀ ਸਕੇਲ ਪ੍ਰਾਪਤ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ 8 ਅਤੇ 18 ਸਾਲਾਂ ਬਾਅਦ ਪ੍ਰੋਫੀਸ਼ੈਂਸੀ ਸਟੈੱਪ-ਅੱਪ ਨਾ ਦੇਣ ਬਾਰੇ ।*

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 7/1/88-5ਪੀਪੀ1/5147, ਮਿਤੀ 26-3-1990, ਦੇ ਪੈਰ੍ਹਾ-2 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਵਿਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਦਰਜਾ-1

ਅਤੇ ਦਰਜਾ-2 ਦੇ ਉਹਨਾਂ ਅਫਸਰਾਂ ਨੂੰ ਪ੍ਰੋਫੀਸ਼ੈਂਸੀ ਸਟੈੱਪ-ਅੱਪ ਇੰਕਰੀਮੈਂਟ ਨਹੀਂ ਦਿੱਤੀ ਜਾਣੀ, ਜਿਹਨਾਂ ਦੇ ਤਨਖਾਹ ਸਕੇਲ ਪੀ.ਸੀ.ਐਸ. ਅਫਸਰਾਂ, ਡੀ.ਐਸ.ਪੀਜ਼ ਦੇ ਪੈਟਰਨ ਤੇ ਤਿੰਨ ਪਦਤੀ ਮਿਲੇ ਹੋਏ ਹਨ ਪਰ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਕਈ ਵਿਭਾਗਾਂ ਵੱਲੋਂ ਉਹਨਾਂ ਦਰਜਾ-1 ਅਤੇ ਦਰਜਾ-2 ਅਫਸਰਾਂ ਨੂੰ ਪ੍ਰੋਫੀਸ਼ੈਂਸੀ ਸਟੈੱਪ-ਅੱਪ ਦੀਆਂ ਇੰਕਰੀਮੈਂਟਾਂ ਦਿੱਤੀਆਂ ਜਾ ਰਹੀਆਂ ਹਨ, ਜਿਹਨਾਂ ਨੂੰ ਤਿੰਨ ਪਦਤੀ ਤਨਖਾਹ ਸਕੇਲ ਮਿਤੀ 1-1-1986 ਤੋਂ ਬਾਅਦ ਅਰਥਾਤ ਤੀਜੇ ਪੇ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਤੋਂ ਬਾਅਦ ਮਿਲੇ ਹੋਏ ਸਨ । ਅਜਿਹੇ ਅਫਸਰਾਂ ਵਿੱਚ ਖੇਤੀਬਾੜੀ ਅਫਸਰ, ਭੂਮੀ ਰੱਖਿਆ ਅਫਸਰ, ਬੀ.ਡੀ.ਪੀ.ਓਜ਼ ਅਤੇ ਕਈ ਹੋਰ ਅਜਿਹੀਆਂ ਸ਼੍ਰੇਣੀਆਂ ਦੇ ਅਧਿਕਾਰੀ ਵੀ ਸ਼ਾਮਿਲ ਹਨ, ਜਿਹਨਾਂ ਨੂੰ ਪ੍ਰੋਫੀਸ਼ੈਂਸੀ ਸਟੈੱਪ-ਅੱਪ ਦਾ ਲਾਭ ਦਿੱਤਾ ਗਿਆ ਹੈ । ਇਸ ਲਈ, ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਆਪਦੇ ਵਿਭਾਗ ਵਿੱਚ ਅਜਿਹੇ ਕਿਸੇ ਅਧਿਕਾਰੀ ਨੂੰ ਅਜਿਹਾ ਲਾਭ ਦਿੱਤਾ ਗਿਆ ਹੈ ਤਾਂ ਉਸ ਅਧਿਕਾਰੀ ਨੂੰ ਨੋਟਿਸ ਦੇ ਕੇ ਅਜਿਹਾ ਲਾਭ ਤੁਰੰਤ ਹੀ ਵਾਪਸ ਲੈ ਲਿਆ ਜਾਵੇ । ਸਰਕਾਰ ਦੀਆਂ ਉਪਰੋਕਤ ਹਦਾਇਤਾਂ ਦੇ ਵਿਰੁੱਧ ਇਹਨਾਂ ਅਫਸਰਾਂ ਨੂੰ ਅਜਿਹਾ ਲਾਭ ਜਿਹਨਾਂ ਅਧਿਕਾਰੀਆਂ ਵੱਲੋਂ ਦਿੱਤਾ ਗਿਆ ਸੀ, ਉਹਨਾਂ ਦੀ ਜ਼ਿੰਮੇਵਾਰੀ ਠਹਿਰਾਉਂਦੇ ਹੋਏ, ਉਹਨਾਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕੀਤੀ ਜਾਵੇ ।

2. ਕਿਰਪਾ ਕਰਕੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

## ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 4/5/98-2ਪੀ.ਪੀ.2/8869 ਮਿਤੀ 6-7-1998 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।

*ਵਿਸ਼ਾ :- ਸਰਕਾਰੀ ਕਰਮਚਾਰੀਆਂ ਦਾ ਰਾਜਨੀਤਕ ਪਾਰਟੀਆਂ ਅਤੇ ਚੋਣਾਂ ਵਿੱਚ ਭਾਗ ਲੈਣ ਦੀ ਮਨਾਹੀ ।*

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰੀ ਕਰਮਚਾਰੀ (ਆਚਰਣ) ਨਿਯਮਾਂਵਲੀ, 1966 ਦੇ ਨਿਯਮ 5(1) ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਸ ਨਿਯਮ ਵਿੱਚ ਇਹ ਉਪਬੰਧ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ ਕਿਸੇ ਵੀ ਰਾਜਨੀਤਕ ਦਲ ਦਾ ਮੈਂਬਰ ਨਹੀਂ ਹੋਵੇਗਾ ਜਾਂ ਉਸਦਾ ਰਾਜਨੀਤੀ ਵਿੱਚ ਭਾਗ ਲੈਣ ਵਾਲੇ ਕਿਸੇ ਦਲ ਜਾਂ ਸੰਗਠਨ ਦੇ ਨਾਲ ਕਿਸੇ ਹੋਰ ਪ੍ਰਕਾਰ ਨਾਲ ਸਬੰਧ ਨਹੀਂ ਹੋਵੇਗਾ ਜਾਂ ਉਹ ਕਿਸੇ ਰਾਜਨੀਤਕ ਅੰਦੋਲਨ ਜਾਂ ਗਤੀਵਿਧੀਆਂ ਵਿੱਚ ਭਾਗ ਨਹੀਂ ਲਵੇਗਾ। ਉਸਨੂੰ ਸਹਾਇਤਾ ਵਜੋਂ ਚੰਦਾ ਨਹੀਂ ਦੇਵੇਗਾ ਜਾਂ ਕਿਸੇ ਹੋਰ ਕਿਸਮ ਨਾਲ ਉਸਦੀ ਸਹਾਇਤਾ ਨਹੀਂ ਕਰੇਗਾ ।

2. ਪ੍ਰੰਤੂ, ਉਕਤ ਨਿਯਮ ਦੇ ਬਾਵਜੂਦ ਵੀ ਇਹ ਵੇਖਣ ਵਿੱਚ ਆਇਆ ਹੈ ਕਿ ਕੁਝ ਕਰਮਚਾਰੀ/ਅਧਿਕਾਰੀ ਖੁੱਲ੍ਹੇ ਤੌਰ ਤੇ ਸਿਆਸੀ ਪਾਰਟੀਆਂ ਵਿਚ ਕੰਮ ਕਰਦੇ ਹਨ ਅਤੇ ਮੀਟਿੰਗਾਂ/ਜਲਸਿਆਂ ਵਿੱਚ ਸਟੇਜ ਸਕੱਤਰੀਆਂ ਕਰਦੇ ਹਨ ਜੋਕਿ ਉਕਤ ਨਿਯਮ ਦੀ ਸਰਾਸਰ ਉਲੰਘਣਾ ਹੈ । ਇਸ ਤਰ੍ਹਾਂ ਦੀ ਪ੍ਰੀਕਿਰਿਆ ਨਾਲ ਜਿਸ ਉਦੇਸ਼ ਨਾਲ ਇਹ ਉਪਬੰਧ ਪਾਇਆ ਗਿਆ ਹੈ, ਉਸਦਾ ਮੰਤਵ ਹੀ ਖਤਮ ਹੋ ਜਾਂਦਾ ਹੈ ।

3. ਸਰਕਾਰੀ ਕਰਮਚਾਰੀ (ਆਚਰਣ) ਨਿਯਮਾਂਵਲੀ, 1966 ਦੇ ਨਿਯਮ-5 ਵਿੱਚ ਦਰਜ ਉਪਬੰਧਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਮਹਿਸੂਸ ਕੀਤਾ ਗਿਆ ਹੈ ਕਿ ਸਰਕਾਰੀ ਕਰਮਚਾਰੀਆਂ/ਅਧਿਕਾਰੀਆਂ ਦੇ ਕਿਸੇ ਰਾਜਨੀਤਕ ਦਲ ਰਾਹੀਂ ਆਯੋਜਿਤ ਬੈਠਕ ਜਾਂ ਪ੍ਰਦਰਸ਼ਨ ਵਿੱਚ ਭਾਗ ਲੈਣ ਨਾਲ ਇਹ ਸੰਦੇਹ ਹੋ ਸਕਦਾ ਹੈ ਕਿ ਉਹ ਰਾਜਨੀਤਕ ਅੰਦੋਲਨ ਵਿੱਚ ਸਹਾਇਤਾ ਕਰ ਰਿਹਾ ਹੈ। ਉਦਾਹਰਣ ਦੇ ਤੌਰ ਤੇ ਅਗਰ ਕੋਈ ਸਰਕਾਰੀ ਕਰਮਚਾਰੀ/ਅਧਿਕਾਰੀ ਇਸ ਤਰ੍ਹਾਂ ਦੀਆਂ ਬੈਠਕਾਂ, ਮੁਜ਼ਾਹਰੇ ਆਯੋਜਿਤ ਕਰਨ ਜਾਂ ਸੰਚਾਲਣ ਕਰਨ ਵਿੱਚ ਤੇਜ਼ੀ ਨਾਲ ਭਾਗ ਲੈਂਦਾ ਹੈ ਜਾਂ ਉਸ ਵਿੱਚ ਖੁੱਦ ਬੋਲਦਾ ਹੈ ਜਾਂ ਇਸ ਤਰ੍ਹਾਂ ਦੀਆਂ ਬੈਠਕਾਂ ਵਿੱਚ ਨਿਯਮਤ ਰੂਪ ਨਾਲ ਜਾਂ ਅਕਸਰ ਜਾਂਦਾ ਹੈ ਤਾਂ ਇਸਤੋਂ ਇਹ ਸੰਦੇਹ ਹੋ ਸਕਦਾ ਹੈ ਕਿ ਉਹ ਰਾਜਨੀਤਕ ਅੰਦੋਲਨ ਜਾਂ ਗਤੀਵਿਧੀਆਂ ਵਿੱਚ ਭਾਗ ਲੈ ਰਿਹਾ ਹੈ ਜਾਂ ਉਸਦੇ ਵਿੱਚ ਸਹਾਇਤਾ ਕਰ ਰਿਹਾ ਹੈ । ਇਸ ਲਈ, ਉਹਨਾਂ ਦੇ ਰਾਜਨੀਤਕ ਰੂਪ ਵਿੱਚ ਨਿਰਪੱਖ ਰਹਿਣ ਦੇ ਸਬੰਧ ਵਿੱਚ ਕੋਈ ਸ਼ੱਕ ਨਾ ਹੋਵੇ, ਇਸਦੇ ਲਈ ਇਹ ਬੇਹਤਰ ਹੋਵੇਗਾ ਕਿ ਉਹ ਇਸ ਤਰ੍ਹਾਂ ਦੀਆਂ ਬੈਠਕਾਂ ਜਾਂ ਮੁਜ਼ਾਹਰਿਆਂ ਵਿੱਚ ਹਿੱਸਾ ਨਾ ਲੈਣ ।

4. ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ/ਅਧਿਕਾਰੀਆਂ ਦੀ ਪ੍ਰਵਰਿਤੀ ਦਾ ਸੰਜੀਦਾ ਨੋਟਿਸ ਲਵੋ ਅਤੇ ਜੋ ਕਰਮਚਾਰੀ/ਅਧਿਕਾਰੀ ਇਹਨਾਂ ਹਦਾਇਤਾਂ ਦੀ ਉਲੰਘਣਾ ਕਰਦਾ ਹੈ, ਉਸ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮਾਂਵਲੀ, 1970 ਦੇ ਅਧੀਨ ਕਾਰਵਾਈ ਕੀਤੀ ਜਾਵੇ।